a2zpapers.com

www.a2zpapers.com

**Exam. Code : 107402**
**Subject Code : 2275**

**B.Sc. (Bio-Technology) 2nd Semester**

**PUNJABI COMPULSORY**

**Paper : BT-6 (i)**

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਹੇਠ ਲਿਖੇ ਨਿਬੰਧਾਂ ਵਿਚੋਂ ਕਿਸੇ **ਇੱਕ** ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :
   (ੳ) ਕੰਪਿਊਟਰ
   (ਅ) ਮਨੁੱਖੀ ਅਧਿਕਾਰ। 10
2. ਵਰਿਆਮ ਸਿੰਘ ਰਚਿਤ ਕਹਾਣੀ 'ਦਲਦਲ' ਵਿੱਚ ਪੇਸ਼ ਵਿਸ਼ੇ ਵਸਤੂ ਨੂੰ ਬਿਆਨ ਕਰੋ। 10
3. ਪੜਨਾਂਵ ਸ਼੍ਰੇਣੀ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿਓ। 10
4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਪੈਰਾ ਰਚੋ :
   (ੳ) ਅਨਪੜ੍ਹਤਾ
   (ਅ) ਅਜੋਕੀ ਵਿਦਿਅਕ ਪ੍ਰਣਾਲੀ
   (ੲ) ਪ੍ਰਦੂਸ਼ਣ ਦੀ ਸਮੱਸਿਆ। 5
5. ਹੇਠ ਲਿਖਿਆ ਪੈਰਾ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

   ਗੁਰੂ ਜੀ ਬੜੀ ਸੋਚ ਵਿਚਾਰ ਪਿੱਛੇ ਇਸ ਸਿੱਟੇ ਤੇ ਪੁੱਜੇ ਕਿ ਤਾਲੀਮ ਹਾਸਿਲ ਕਰਨ ਦਾ ਸ਼ੌਕ ਸਿੱਖਾਂ ਵਿੱਚ ਆਮ ਹੋਣਾ ਚਾਹੀਦਾ ਹੈ। ਉਹ ਆਪ ਹਿੰਦੀ, ਸੰਸਕ੍ਰਿਤ, ਫਾਰਸੀ, ਅਰਬੀ ਤੇ ਪੰਜਾਬੀ ਦੇ ਉਚ ਵਿਦਵਾਨ ਸਨ। ਉਹਨਾਂ ਨੇ ਕਵੀ ਦਰਬਾਰਾਂ ਦਾ ਰਿਵਾਜ਼ ਇਸ ਲਈ ਚਲਾਇਆ ਕਿ ਲੋਕਾਂ ਨੂੰ ਵਿਦਿਆ ਦਾ ਸ਼ੌਕ ਪੈਦਾ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਹੋ ਜਾਵੇ। ਇਹਨਾਂ ਦਰਬਾਰਾਂ ਵਿੱਚ ਬੜੇ ਉੱਚ ਕੋਟੀ ਦੇ ਸ਼ਾਇਰ ਇਕੱਠੇ ਹੁੰਦੇ ਸਨ। ਕਵਿਤਾ ਅਤੇ ਲੇਖਣੀ ਦੇ ਮੁਕਾਬਲੇ ਹੁੰਦੇ। ਜਿਹੜੇ ਪਹਿਲੇ ਨੰਬਰਾਂ ਤੇ ਰਹਿੰਦੇ ਉਹਨਾਂ ਨੂੰ ਗੁਰੂ ਦਰਬਾਰ ਤੋਂ ਸਿਰੋਪਓ ਤੇ ਇਨਾਮ ਮਿਲਦਾ। ਗੁਰੂ ਜੀ ਨੇ ਆਪ ਆਪਣੇ ਜੀਵਨ ਦੇ ਕੁਝ ਸਾਲ ਖਾਲਸਾ ਪੰਥ ਸਜਾਉਣ ਤੋਂ ਪਹਿਲਾਂ ਇਕਾਂਤ ਵਿੱਚ ਪਹਾੜੀ ਟਿੱਲੇ ਤੇ ਗੁਜ਼ਾਰੇ ਸਨ। ਇਸ ਸਮੇਂ ਆਪ ਨੇ ਕਈ ਰਚਨਾਵਾਂ ਰਚੀਆਂ ਅਤੇ ਹਿੰਦੀ, ਸੰਸਕ੍ਰਿਤ ਆਦਿ ਗ੍ਰੰਥਾਂ ਦੇ ਤਰਜ਼ਮੇ ਕਰਵਾਏ। ਅਫਸੋਸ ਇਹ ਕਿ ਇਹ ਭਰੀ ਵਿਦਿਆ ਦਾ ਖਜ਼ਾਨਾ ਅਨੰਦਪੁਰ ਦੀ ਲੜਾਈ ਮਗਰੋਂ ਸਰਸਾ ਨਦੀ ਦੀ ਭੇਂਟ ਹੋ ਗਿਆ।

**ਪ੍ਰਸ਼ਨ :**

1. ਸੋਚ ਵਿਚਾਰ ਪਿੱਛੋਂ ਗੁਰੂ ਜੀ ਕਿਸ ਸਿੱਟੇ ਤੇ ਪੁੱਜੇ ?
2. ਗੁਰੂ ਜੀ ਕਿਹੜੀ-ਕਿਹੜੀ ਭਾਸ਼ਾ ਦੇ ਵਿਦਵਾਨ ਸਨ ?
3. ਕਵੀ ਦਰਬਾਰ ਕਿਹੜੇ ਉਦੇਸ਼ ਨਾਲ ਸ਼ੁਰੂ ਕੀਤੇ ਗਏ ?
4. ਕਵੀਆਂ ਨੂੰ ਉਤਸ਼ਾਹਿਤ ਕਰਨ ਲਈ ਕੀ ਕੁਝ ਕੀਤਾ ਜਾਂਦਾ ਸੀ ?
5. ਵਿਦਿਆ ਦਾ ਕਿਹੜਾ ਖਜ਼ਾਨਾ ਸਰਸਾ ਨਦੀ ਵਿੱਚ ਤਬਾਹ ਹੋ ਗਿਆ ? 5

6. ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਵਿੱਚੋਂ **ਪੰਜ** ਮੁਹਾਵਰੇ ਅਤੇ **ਪੰਜ** ਅਖਾਣਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

(ੳ) ਅੱਖਾਂ ਵਿੱਚ ਰੜਕਣਾ, ਕੰਨਾਂ ਦਾ ਕੱਚਾ ਹੋਣਾ, ਛਿੱਲ ਲਾਹੁਣਾ, ਸੱਤੀਂ ਕੱਪੜੀ ਅੱਗ ਲੱਗਣਾ, ਨੱਕ ਨਾਲ ਚਣੇ ਚਬਾਉਣਾ, ਲਾਲ ਪੀਲਾ ਹੋਣਾ, ਸੁੰਨ ਰਹਿ ਜਾਣਾ।

(ਅ) ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ, ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ, ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ, ਛੱਜ ਤਾਂ ਬੋਲੇ ਛਾਣਨੀ ਕੀ ਬੋਲੇ, ਟਾਟ ਦੀ ਜੁੱਲੀ ਰੇਸ਼ਮ ਦਾ ਬਖੀਲਾ, ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ, ਢਿੱਡ ਭਰਿਆ ਕੰਮ ਸਰਿਆ। 5+5=10



www.a2zpapers.com www.a2zpapers.com
ad free old Question papers gndu, ptu hp board, punjab
www.a2zpapers.com